Khalsa School Calgary ਖਾਲਸਾ ਸਕੂਲ ਕੈਲਗਰੀ

245228 Conrich RD, Conrich, AB, T1Z 0N8

Phone: 403-293-7712 Fax: 403-293-2245

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**

**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**

ਸਕੂਲ ਵਿੱਚ ਹਰ ਮਹੀਨੇ ਸਿੱਖੀ ਨਾਲ ਸਬੰਧਿਤ ਦਿਨਾਂ ਅਤੇ ਤਿਉਹਾਰਾਂ ਬਾਰੇ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਂਦਾ ਹੈ। ਜਨਵਰੀ ਮਹੀਨੇ ਵਿੱਚ ਬੱਚਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਬਾਰੇ ਜਾਣਕਾਰੀ ਦਿੱਤੀ ਗਈ।

**ਫ਼ਰਵਰੀ ਮਹੀਨੇ ਵਿੱਚ ਆਉਣ ਵਾਲੇ ਸਿੱਖੀ ਸਬੰਧਿਤ ਦਿਨ**

੯ ਫ਼ਰਵਰੀ ਵੱਡਾ ਘੱਲੂਘਾਰਾ

੧੦ ਫ਼ਰਵਰੀ ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ ਪੁਰਬ।

੧੧ ਫ਼ਰਵਰੀ ਨੂੰ ਬਾਬਾ ਅਜੀਤ ਸਿੰਘ ਜੀ ਦਾ ਜਨਮ ਦਿਹਾੜਾ।

੨੧ ਫ਼ਰਵਰੀ ਸਾਕਾ ਨਨਕਾਣਾ ਅਤੇ ਜੈਤੋ ਦਾ ਮੋਰਚਾ।



245228 Conrich RD, Conrich, AB, T1Z 0N8 Phone: 403-293-7712 Fax: 403-293-2245

## ਗੁਰਦੁਆਰਾ ਪਰਫਾਰਮੈਂਸ

ਹਰ ਮਹੀਨੇ ਦੇ ਆਖਰੀ ਐਤਵਾਰ ਖ਼ਾਲਸਾ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਵਿਖੇ ਕੀਰਤਨ ਕਰਨ ਜਾਂਦੇ ਹਨ। ਇਸ ਮਹੀਨੇ ਐਤਵਾਰ ੨੩ ਫ਼ਰਵਰੀ, ੨੦੨੫ ਨੂੰ ਬੱਚਿਆਂ ਦੁਆਰਾ ਸ਼ਬਦ ਕੀਰਤਨ ਕੀਤਾ ਜਾਵੇਗਾ | ਆਪ ਸਭ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ |

## ਵਿਦਿਆਰਥੀਆਂ ਨੂੰ ਦੂਜੀ ਟਰਮ ਦੀਆਂ ਸ਼ੁਭ ਕਾਮਨਾਵਾਂ

ਪਹਿਲੀ ਟਰਮ ਵਿਚ ਬੱਚਿਆਂ ਨੇ ਬਹੁਤ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕੀਤੀ, ਸਾਡੇ ਵਲੋਂ ਸਾਰੇ ਬੱਚਿਆਂ ਨੂੰ ਦੂਜੀ ਟਰਮ ਲਈ ਸ਼ੁਭ ਕਾਮਨਾਵਾਂ। ਦੂਜੀ ਟਰਮ ਫ਼ਰਵਰੀ ੧ ਤੋਂ ਸ਼ੁਰੂ ਹੋਣ ਜਾ ਰਹੀ ਹੈ। ਅਸੀਂ ਸਾਰੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦੇਣਾ ਚੁਹੰਦੇ ਹਾਂ ਕਿ ਉਹ ਇਸ ਟਰਮ ਨੂੰ ਵੀ ਵਧੀਆ ਨੰਬਰ ਲੈ ਕੇ ਪਾਸ ਕਰਨ।

